**BRAMPTON** Flower City
brampton.ca

media release

16 ਅਪ੍ਰੈਲ, 2018

# ਬ੍ਰੈਂਪਟਨ ਅਤੇ ਯੌਰਕ ਰੀਜਨ ਲਈ ਇਲੈਕਟ੍ਰਿਕ ਬੱਸ ਪਾਇਲਟ ਪ੍ਰੋਜੈਕਟ ਲਈ ਫੰਡਿੰਗ ਦੀ ਘੋਸ਼ਣਾ ਕੀਤੀ ਗਈ

ਬ੍ਰੈਂਪਟਨ, ਓਨਟੈਰੀਓ – ਸਨਮਾਨਯੋਗ ਸਟੀਵਨ ਡੇਲ ਡੁਕਾ (Steven Del Duca), ਮਿਨਿਸਟਰ ਆਫ ਇਕੋਨੋਮਿਕ ਡੈਵਲੈਪਮੈਂਟ ਐਂਡ ਗ੍ਰੋਥ (Minister of Economic Development and Growth) ਨੇ ਬ੍ਰੈਂਪਟਨ (Brampton) ਅਤੇ ਯੌਰਕ ਰੀਜਨ (York Region) ਵਿੱਚ ਬੈਟਰੀ ਨਾਲ ਚੱਲਣ ਵਾਲੀਆਂ ਇਲੈਕਟ੍ਰਿਕ ਬੱਸਾਂ ਦਾ ਟੈਸਟ ਕਰਨ ਲਈ ਇੱਕ ਨਵੇਂ ਪਾਇਲਟ ਪ੍ਰੋਜੈਕਟ ਲਈ ਅੱਜ ਫੰਡਿੰਗ ਦੀ ਘੋਸ਼ਣਾ ਕੀਤੀ। ਘੋਸ਼ਣਾ ਨਿਊਮਾਰਕੀਟ (Newmarket) ਵਿੱਚ ਯੌਰਕ ਰੀਜਨ ਐਡਮਿਨਿਸਟ੍ਰੇਟਿਵ ਸੈਂਟਰ (York Region Administrative Centre) ਵਿਖੇ ਕੀਤੀ ਗਈ ਸੀ।

ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਨੇ, Canadian Urban Transit Research and Innovation Consortium (CUTRIC) (ਕੈਨੇਡਿਅਨ ਅਰਬਨ ਟ੍ਰਾਂਜ਼ਿਟ ਰਿਸਰਚ ਐਂਡ ਇਨੋਵੇਸ਼ਨ, ਕੋਨਸੋਰਟੀਅਮ) ਦੇ ਨਾਲ ਭਾਈਵਾਲੀ ਵਿੱਚ, 2015 ਤੋਂ ਇਸ ਪਰੀਖਣ ਦੀ ਯੋਜਨਾਬੰਦੀ ਅਤੇ ਪਾਲਨ ਵਿੱਚ ਪ੍ਰਮੁੱਖ ਟ੍ਰਾਂਜ਼ਿਟ ਏਜੰਸੀ ਦੇ ਤੌਰ ‘ਤੇ ਕੰਮ ਕੀਤਾ ਹੈ। ਇਹ ਰਾਸ਼ਟਰੀ ਪਰੀਖਣ global first-of-its-kind consortium-based project (ਇਸ ਤਰ੍ਹਾਂ ਦਾ ਪਹਿਲਾ ਗਲੋਬਲ ਕੋਨਸੋਰਟੀਅਮ-ਅਧਾਰਿਤ ਪ੍ਰੋਜੈਕਟ) ਹੈ।

2019 ਤੱਕ, ਬ੍ਰੈਂਪਟਨ ਕੋਲ ਅੱਠ ਇਲੈਕਟ੍ਰਿਕ ਬੱਸਾਂ (ਨਿਊ ਫਲਾਇਰ ਇੰਡਸਟ੍ਰੀਜ (New Flyer Industries) ਵੱਲੋਂ ਛੇ ਅਤੇ ਨੋਵਾ ਬੱਸ (Nova Bus) ਵੱਲੋਂ ਦੋ) ਅਤੇ ਚਾਰ ਚਾਰਜਿੰਗ ਸਿਸਟਮਾਂ (ਏ.ਬੀ.ਬੀ. ਗਰੁੱਪ (ABB Group) ਵੱਲੋਂ ਤਿੰਨ ਅਤੇ ਸੀਮਨਸ (Siemens) ਵੱਲੋਂ ਇੱਕ ਦੇ ਨਾਲ, ਸਟੈਂਡਰਡਰਾਈਜ਼ਡ ਅਤੇ ਪੂਰੀ ਤਰ੍ਹਾਂ ਇੰਟਰਓਪਰੇਟੇਬਲ ਬੈਟਰੀ ਇਲੈਕਟ੍ਰਿਕ ਬੱਸਾਂ ਅਤੇ ਉੱਚ ਪਾਵਰ ਵਾਲੇ ਓਵਰਹੈੱਡ ਓਨ-ਰੂਟ ਚਾਰਜਿੰਗ ਸਿਸਟਮਾਂ ਦੀ ਸਿੰਗਲ ਸਭ ਤੋਂ ਵੱਡੀ ਗਲੋਬਲ ਪਾਲਬੰਦੀ (ਡਿਪਲਾਇਮੈਂਟ) ਹੋਵੇਗੀ।

ਬ੍ਰੈਂਪਟਨ ਟ੍ਰਾਂਜ਼ਿਟ ਉੱਚ-ਕਿਸਮ ਦੀ ਅਜਿਹੀ ਸੇਵਾ ਮੁਹੱਈਆ ਕਰਨ ਲਈ ਨਵੇਂ ਅਤੇ ਨਵੀਨਤਾਕਾਰੀ ਹੱਲਾਂ ਦਾ ਪ੍ਰਸਾਰ ਕਰਨ ਲਈ ਵਚਨਬੱਧ ਹੈ, ਜੋ ਸਿਟੀ ਦੇ ਵਾਤਾਵਰਨ ਵਿੱਚ ਛੱਡੀ ਜਾਣ ਵਾਲੀ ਸਮੁੱਚੇ ਕਾਰਬਨ ਦੀ ਮਾਤਰਾ ਅਤੇ ਗ੍ਰੀਨਹਾਊਸ ਗੈਸ (ਜੀ.ਐਚ.ਜੀ.) (GHG) ਨਿਕਾਸੀਆਂ ਨੂੰ ਘੱਟ ਕਰਦੀ ਹੈ।

ਬ੍ਰੈਂਪਟਨ ਟ੍ਰਾਂਜ਼ਿਟ ਇਸ ਸਮੇਂ ਆਪਣੇ ਫਲੀਟ ਵਿੱਚ 422 ਬੱਸਾਂ ਚਲਾਉਂਦੀ ਹੈ, ਇਹਨਾਂ ਵਿੱਚ ਸ਼ਾਮਲ ਹਨ, 110 ਜ਼ੂਮ (110 Züm) ਬੱਸ ਰੈਪਿਡ ਟ੍ਰਾਂਜ਼ਿਟ ਵਾਹਨ। ਜ਼ੂਮ ਬੱਸਾਂ ਡੀਜ਼ਲ-ਹਾਈਬ੍ਰਿਡ ਇਲੈਕਟ੍ਰਿਕ ਬੱਸਾਂ ਹਨ, ਜੋ ਪੂਰੇ ਡੀਜ਼ਲ ਵਾਲੀਆਂ ਬੱਸਾਂ ਦੇ ਮੁਕਾਬਲੇ ਪ੍ਰਤੀ ਸਾਲ ਲਗਭਗ 3,500 ਟਨ ਜੀ.ਐਚ.ਜੀ. ਦੀ ਕਮੀ ਕਰਦੀਆਂ ਹਨ।

2017 ਵਿੱਚ, ਬ੍ਰੈਂਪਟਨ ਟ੍ਰਾਂਜ਼ਿਟ ਦੀਆਂ ਸਵਾਰੀਆਂ ਵਿੱਚ ਪਿਛਲੇ ਸਾਲ 18% ਤੋਂ ਵੱਧ ਵਾਧਾ ਹੋਇਆ ਹੈ ਅਤੇ ਇਸਦੇ ਵਾਧੇ ਦੇ ਆਧਾਰ ‘ਤੇ, 2031 ਤੱਕ ਫਲੀਟ ਵਿੱਚ 800 ਵਾਹਨਾਂ ਤੋਂ ਅੱਗੇ ਵਧਣ ਦੀ ਸੰਭਾਵਨਾ ਹੈ।

**ਹਵਾਲੇ:**

“ਬ੍ਰੈਂਪਟਨ ਟ੍ਰਾਂਜ਼ਿਟ ਲਗਾਤਾਰ ਅਜਿਹੀ ਉੱਚ-ਕਿਸਮ ਦੀ ਸੇਵਾ ਮੁਹੱਈਆ ਕਰਨ ਲਈ ਨਵੇਂ ਅਤੇ ਨਵੀਨਤਾਕਾਰੀ ਹੱਲਾਂ ਦਾ ਪ੍ਰਸਾਰ ਕਰ ਰਿਹਾ ਹੈ, ਜੋ ਸਿਟੀ ਦੇ ਵਾਤਾਵਰਨ ਵਿੱਚ ਛੱਡੀ ਜਾਣ ਵਾਲੀ ਸਮੁੱਚੇ ਕਾਰਬਨ ਦੀ ਮਾਤਰਾ ਅਤੇ ਜੀ.ਐਚ.ਜੀ. ਨਿਕਾਸੀਆਂ ਨੂੰ ਘੱਟ ਕਰਦੀ ਹੈ। ਕਿਉਂਕਿ ਬ੍ਰੈਂਪਟਨ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਵਿੱਚ ਸਥਿਤ ਹੈ, ਸਾਡਾ ਚੰਗੀ ਤਰ੍ਹਾਂ ਜੁੜਿਆ ਹੋਇਆ ਟ੍ਰਾਂਜ਼ਿਟ ਨੈੱਟਵਰਕ ਅਤੇ ਇੱਕ ਸਥਿਰ ਫਲੀਟ ਜੀ.ਟੀ.ਐਚ.ਏ.

(GTHA) ਵਿੱਚ ਲੋਕਾਂ ਨੂੰ ਵੱਧ ਪ੍ਰਭਾਵਸ਼ਾਲੀ ਤਰੀਕੇ ਨਾਲ ਆਉਣ-ਜਾਣ ਵਿੱਚ ਮਹੱਤਵਪੂਰਨ ਹੈ। ਨਵੀਆਂ ਇਲੈਕਟ੍ਰੋਨਿਕ-ਬੱਸਾਂ ਇਸ ਗੱਲ ਦਾ ਪ੍ਰਮਾਣ ਹਨ ਕਿ ਸਿਟੀ ਆਫ ਬ੍ਰੈਂਪਟਨ (City of Brampton) ਭਵਿੱਖ ਲਈ ਤਿਆਰ ਹੈ।"

- *ਮੇਅਰ ਲਿੰਡਾ ਜੈਫਰੀ (Linda Jeffrey)*

"ਬ੍ਰੈਂਪਟਨ ਟ੍ਰਾਂਜ਼ਿਟ ਨੇ ਸਾਡੀਆਂ ਸਵਾਰੀਆਂ ਨੂੰ ਸ਼ਾਨਦਾਰ ਸੇਵਾ ਪੇਸ਼ ਕਰਨ ਲਈ ਪਿਛਲੇ ਕਈ ਸਾਲਾਂ ਤੋਂ ਕਾਫ਼ੀ ਸੰਖਿਆ ਵਿੱਚ ਨਵੀਆਂ ਤਕਨੀਕਾਂ ਅਤੇ ਪਹਿਲਕਦਮੀਆਂ ਪੇਸ਼ ਕੀਤੀਆਂ ਹਨ। ਇਹ ਦੂਜਾ ਪ੍ਰੋਜੈਕਟ ਹੈ, ਜਿੱਥੇ ਸਾਨੂੰ ਨਾ ਸਿਰਫ਼ ਸਾਡੇ ਵਾਤਾਵਰਨ ਸਬੰਧੀ ਖੇਤਰ ਨੂੰ ਬਿਹਤਰ ਬਣਾਉਣ ਲਈ ਨਵੀਆਂ ਅਤੇ ਨਵੀਨਤਾਕਾਰੀ ਤਕਨੀਕਾਂ ਦਾ ਪਰੀਖਣ ਕਰਨ 'ਤੇ, ਬਲਕਿ ਕੈਨੇਡਾ ਦੇ ਪ੍ਰਮੁੱਖ ਟ੍ਰਾਂਜ਼ਿਟ ਪ੍ਰਦਾਤਾਵਾਂ ਵਿੱਚੋਂ ਇੱਕ ਬਣਨ ਦੇ ਸਾਡੇ ਯਤਨਾਂ ਨੂੰ ਵੀ ਵਧਾਉਣ 'ਤੇ ਵੀ ਮਾਣ ਹੈ। ਸਾਨੂੰ ਪਹਿਲੇ ਦਿਨ ਤੋਂ ਹੀ ਇਸ ਪ੍ਰੋਜੈਕਟ ਵਿੱਚ ਆਗੂ ਹੋਣ 'ਤੇ ਮਾਣ ਹੈ ਅਤੇ ਅਸੀਂ ਇਸਨੂੰ ਅੱਗੇ ਵਧਦੇ ਹੋਏ ਦੇਖਣ ਲਈ ਉਤਸ਼ਾਹਿਤ ਹਾਂ।"

- *ਅਲੇਕਸ ਮਿਲੋਜੇਵਿਚ (Alex Milojevic), ਜਨਰਲ ਮੈਨੇਜਰ, ਬ੍ਰੈਂਪਟਨ ਟ੍ਰਾਂਜ਼ਿਟ*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca